BRITISH COLUMBIA

# ਪਿੱਠ-ਭੂਮੀ 4

ਤੁਰੰਤ ਜਾਰੀ ਕਰਨ ਹਿਤ ਵਿੱਤ ਮੰਤਰਾਲਾ
2021FIN0023-000744
20 ਅਪ੍ਰੈਲ, 2021

**ਮਹਾਮਾਰੀ ਅਤੇ ਆਰਥਕ ਮੁੜ-ਬਹਾਲੀ ਦੇ ਦੌਰਾਨ ਬੀ ਸੀ ਦੇ ਕਾਰੋਬਾਰਾਂ ਦੀ ਸਹਾਇਤਾ**

ਬਜਟ 2021 ਦੇ ਰਾਹੀਂ ਬੀ ਸੀ ਦੇ ਕਾਰੋਬਾਰਾਂ ਦੀ ਸਹਾਇਤਾ ਸਾਧਨਾਂ ਅਤੇ ਸੇਵਾਵਾਂ ਤੱਕ ਪਹੁੰਚ ਹੁੰਦੀ ਰਹੇਗੀ ਤਾਂ ਕਿ ਇਸ ਚੁਣੌਤੀਪੂਰਣ ਸਮੇਂ ਦੇ ਦੌਰਾਨ ਖੇਤਰਾਂ ਨੂੰ ਸਹਾਰਾ ਦੇਣ ਵਿੱਚ ਮਦਦ ਮਿਲ ਸਕੇ; ਵਿਸ਼ੇਸ਼ ਤੌਰ 'ਤੇ ਉਨ੍ਹਾਂ ਨੂੰ ਜੋ ਕੋਵਿਡ-19 ਤੋਂ ਸਭ ਤੋਂ ਵੱਧ ਪ੍ਰਭਾਵਤ ਹੋਏ ਹਨ।

ਬਜਟ 2021 ਦੇ ਰਾਹੀਂ ਸਟਰੌਂਗਰ ਬੀ ਸੀ ਆਰਥਕ ਮੁੜ-ਬਹਾਲੀ ਯੋਜਨਾ ਵਿੱਚ ਨਿਯੋਜਿਤ ਗ੍ਰਾਂਟਾਂ ਅਤੇ ਸੇਵਾਵਾਂ ਦਾ ਦਾਇਰਾ ਵਧਾਇਆ ਗਿਆ ਹੈ ਤਾਂ ਕਿ ਇਸ ਮਹਾਮਾਰੀ ਦੇ ਦੌਰਾਨ ਬੀ ਸੀ ਦੇ ਕਾਰੋਬਾਰਾਂ ਦੀ ਮਦਦ ਕੀਤੀ ਜਾ ਸਕੇ ਅਤੇ ਉਨ੍ਹਾਂ ਨੂੰ ਆਰਥਕ ਮੁੜ-ਬਹਾਲੀ ਲਈ ਤਿਆਰੀ ਕਰਨ ਵਿੱਚ ਸਹਾਇਤਾ ਦਿੱਤੀ ਜਾ ਸਕੇ। ਚੱਲ ਰਹੇ ਸਹਾਇਤਾ ਸਾਧਨਾਂ ਵਿੱਚ ਸ਼ਾਮਲ ਹਨ:

- $150 ਮਿਲੀਅਨ, ਤਾਂ ਕਿ ਸਟਰੌਂਗਰ ਬੀ ਸੀ ਆਰਥਕ ਮੁੜ-ਬਹਾਲੀ ਯੋਜਨਾ ਦੇ ਤਹਿਤ ਐਲਾਨ ਕੀਤੇ ਗਏ ਸਟਰੌਂਗਰ ਬੀ ਸੀ ਇਨਕ੍ਰੀਜ਼ਡ ਐਂਪਲੌਇਮੈਂਟ ਇਨਸੈਂਟਿਵ ਟੈਕਸ ਕ੍ਰੈਡਿਟ ਵਿੱਚ ਮਦਦ ਦਿੱਤੀ ਜਾ ਸਕੇ ਜੋ ਨਿਜੀ ਖੇਤਰ ਦੇ ਉਨ੍ਹਾਂ ਰੁਜ਼ਗਾਰ ਪ੍ਰਦਾਨਕਰਤਾਵਾਂ ਨੂੰ ਟੈਕਸ ਰਾਹਤ ਪ੍ਰਦਾਨ ਕਰਦਾ ਹੈ ਜਿਨ੍ਹਾਂ ਨੇ 2020 ਦੀ ਅੰਤਿਮ ਤਿਮਾਹੀ ਵਿੱਚ ਨਵੇਂ ਕਰਮਚਾਰੀਆਂ ਜਾਂ ਮੁਆਵਜ਼ੇ ਵਿੱਚ ਇਜ਼ਾਫ਼ੇ ਰਾਹੀਂ ਆਪਣੇ ਵੇਤਨ ਭੁਗਤਾਨ ਵਿੱਚ ਵਾਧਾ ਕੀਤਾ ਹੈ।
- $35 ਮਿਲੀਅਨ, ਤਾਂ ਕਿ ਬੀ ਸੀ ਦੇ ਕਿਸਾਨਾਂ ਦੀ ਅਸਥਾਈ ਵਿਦੇਸ਼ੀ ਕਾਮੇ ਰੱਖਣ ਵਿੱਚ ਮਦਦ ਕੀਤੀ ਜਾ ਸਕੇ ਜੋ ਬੀ ਸੀ ਦੀ ਫ਼ਸਲ ਕਟਾਈ ਨੂੰ ਕੋਵਿਡ-19 ਤੋਂ ਸੁਰੱਖਿਅਤ ਰੱਖਣ ਵਿੱਚ ਸਹਾਇਤਾ ਕਰ ਰਹੇ ਹਨ।
- $10 ਮਿਲੀਅਨ ਤਿੰਨ ਸਾਲਾਂ ਦੇ ਦੌਰਾਨ, ਤਾਂ ਕਿ ਬੀ ਸੀ ਦੇ ਉਤਪਾਦਾਂ ਲਈ ਘਰੇਲੂ ਬਾਜ਼ਾਰ ਨੂੰ ਮਜ਼ਬੂਤ ਕਰਨ ਅਤੇ ਇਸ ਦਾ ਦਾਇਰਾ ਵਧਾਉਣ ਲਈ ਗਰੋ ਬੀ ਸੀ, ਫ਼ੀਡ ਬੀ ਸੀ, ਬਾਈ ਬੀ ਸੀ ਰਣਨੀਤੀਆਂ ਦਾ ਦਾਇਰਾ ਵਧਾਇਆ ਜਾ ਸਕੇ।
- ਚੋਣਵੇਂ ਉਪਕਰਣਾਂ ਅਤੇ ਮਸ਼ੀਨਰੀ ਵਿੱਚ ਪੂੰਜੀਗਤ ਨਿਵੇਸ਼ਾਂ 'ਤੇ ਪੀ ਐੱਸ ਟੀ ਵਿੱਚ ਛੋਟ, ਜੋ ਇੱਕ ਅਜਿਹੀ ਟੈਕਸ ਸਹਾਇਤਾ ਹੈ ਜਿਸ ਨਾਲ ਕਾਰੋਬਾਰਾਂ ਨੂੰ ਅਧਾਰ ਕਾਇਮ ਕਰਨ ਅਤੇ ਸੰਚਾਲਨ ਵਿਧੀਆਂ ਦਾ ਪੱਧਰ ਵਧਾਉਣ ਵਿੱਚ ਮਦਦ ਮਿਲੇਗੀ ਜੋ ਪ੍ਰਸਤੁਤ ਕੀਤੇ ਜਾਣ ਲਈ ਖੁੱਲ੍ਹਾ ਹੈ ਅਤੇ ਸਤੰਬਰ 2021 ਤੱਕ ਜਾਰੀ ਰਹੇਗਾ ਜਿਸ ਲਈ ਬੀ ਸੀ ਦੇ 110,000 ਨਿਗਮਿਤ ਕਾਰੋਬਾਰ ਯੋਗ ਹਨ।
- $195 ਮਿਲੀਅਨ ਦੀ ਮਾਲੀ ਮਦਦ, ਤਾਂ ਕਿ ਛੋਟੇ ਅਤੇ ਦਰਮਿਆਨੇ ਆਕਾਰ ਦੇ ਕਾਰੋਬਾਰਾਂ ਲਈ ਆਰਥਕ ਮੁੜ-ਬਹਾਲੀ ਪ੍ਰੋਗਰਾਮ ਜਾਰੀ ਰੱਖਿਆ ਜਾ ਸਕੇ। ਕਾਰੋਬਾਰੀ ਭਾਈਚਾਰੇ ਨਾਲ ਵਿਚਾਰ-ਵਟਾਂਦਰਾ ਕਰਨ ਨਾਲ, ਇਸ ਪ੍ਰੋਗਰਾਮ ਤੱਕ ਪਹੁੰਚ ਕਰਨਾ ਹੁਣ ਵਧੇਰੇ ਆਸਾਨ ਹੋ ਗਿਆ ਹੈ ਅਤੇ ਹੋਰ ਜ਼ਿਆਦਾ ਕਾਰੋਬਾਰ ਇਸ ਲਈ ਯੋਗ ਹੋ ਗਏ ਹਨ।

ਸੂਬਾ ਸਰਕਾਰ ਮਹਾਮਾਰੀ ਦੇ ਇਸ ਪੂਰੇ ਸਮੇਂ ਦੇ ਦੌਰਾਨ ਕਾਰੋਬਾਰਾਂ ਨੂੰ ਸਹਾਇਤਾ ਸਾਧਨ ਪ੍ਰਦਾਨ ਕਰਦੀ ਆ ਰਹੀ ਹੈ। 2020 ਦੇ ਪੱਤਝੜ ਵਿੱਚ ਸਟਰੌਂਗਰ ਬੀ ਸੀ ਆਰਥਕ ਮੁੜ-ਬਹਾਲੀ ਯੋਜਨਾ ਵਿੱਚ 2020-21 ਦੀ ਸ਼ੁਰੂਆਤ ਦੇ ਸਹਾਇਤਾ ਸਾਧਨਾਂ ਵਿੱਚ ਸ਼ਾਮਲ ਹੈ:

- $44 ਮਿਲੀਅਨ ਲਾਂਚ ਔਨਲਾਈਨ ਪ੍ਰੋਗਰਾਮ ਲਈ, ਜਿਸ ਨਾਲ ਕਾਰੋਬਾਰਾਂ ਲਈ ਉਨ੍ਹਾਂ ਦਾ ਈ-ਕਾਮਰਸ ਤਿਆਰ ਕਰਨ ਲਈ ਜਾਂ ਉਸ ਨੂੰ ਬਿਹਤਰ ਬਣਾਉਣ ਲਈ ਉਨ੍ਹਾਂ ਨੂੰ ਤਕਨਾਲੋਜੀ ਕੰਪਨੀਆਂ ਨਾਲ ਜੋੜਿਆ ਜਾਵੇਗਾ ਅਤੇ ਕਾਰੋਬਾਰਾਂ ਨੂੰ ਆਪਣੀ ਔਨਲਾਈਨ ਵਿਕਰੀ ਨੂੰ ਉਭਾਰਨ ਵਿੱਚ ਮਦਦ ਦੇਣ ਲਈ ਡਿਜਿਟਲ ਮਾਰਕਿਟਿੰਗ ਸਿਖਲਾਈ ਪ੍ਰਦਾਨ ਕੀਤੀ ਜਾਵੇਗੀ।

- $10 ਮਿਲੀਅਨ, ਤਾਂ ਕਿ ਨਵੀਆਂ ਤਕਨਾਲੋਜੀਆਂ ਅਤੇ ਉਤਪਾਦਾਂ ਦਾ ਵਪਾਰੀਕਰਣ ਕਰ ਕੇ ਛੋਟੇ ਅਤੇ ਦਰਮਿਆਨੇ ਆਕਾਰ ਦੇ ਕਾਰੋਬਾਰਾਂ ਦੀ ਬਾਜ਼ਾਰ ਵਿੱਚ ਆਪਣੇ ਉਤਪਾਦਾਂ ਤੱਕ ਪਹੁੰਚ ਨੂੰ ਵਧਾਉਣ ਵਿੱਚ ਸਹਾਇਤਾ ਕਰ ਕੇ ਬੀ ਸੀ ਵਿੱਚ ਮੁੱਲ-ਯੋਗਿਤ (ਵੈਲਿਊ ਐਡਿਡ) ਉਤਪਾਦਨ ਵਿੱਚ ਵਾਧਾ ਕੀਤਾ ਜਾ ਸਕੇ ਅਤੇ ਬੀ ਸੀ ਦੇ ਸਪਲਾਈ ਦੇ ਸਿਲਸਿਲੇ ਨੂੰ ਮਜ਼ਬੂਤ ਕਰਨ ਵਿੱਚ ਮਦਦ ਕਰਨ ਲਈ ਕਾਰੋਬਾਰਾਂ ਵਾਸਤੇ $6 ਮਿਲੀਅਨ ਦੀਆਂ ਗ੍ਰਾਂਟਾਂ।
- $7.5 ਮਿਲੀਅਨ, ਤਾਂ ਕਿ ਬੀ ਸੀ ਦੇ ਵਿਕਸਤ ਹੋ ਰਹੇ ਐਗਰੀ-ਟੈੱਕ ਉਦਯੋਗ ਨੂੰ ਸਹਾਇਤਾ ਦਿੱਤੀ ਜਾ ਸਕੇ।
- $7 ਮਿਲੀਅਨ, ਤਾਂ ਕਿ ਬੀ ਸੀ ਦੇ ਫ਼ੂਡ ਹਬ ਨੈੱਟਵਰਕ ਦਾ ਦਾਇਰਾ ਵਧਾਇਆ ਜਾ ਸਕੇ ਅਤੇ ਖੇਤੀ ਨਵੀਨਤਾਕਾਰੀ ਅਤੇ ਭੋਜਨ ਸੰਸਾਧਨ ਵਿੱਚ ਮਦਦ ਦਿੱਤੀ ਜਾ ਸਕੇ।
- 2020 ਦੇ ਕੈਲੰਡਰ ਸਾਲ ਵਿੱਚ ਵਪਾਰਕ ਸੰਪਤੀ ਟੈਕਸਾਂ ਵਿੱਚ ਔਸਤਨ 25% ਦੀ ਕਮੀ, ਜਿਸ ਨਾਲ ਕਾਰੋਬਾਰਾਂ ਨੂੰ $700 ਮਿਲੀਅਨ ਤੋਂ ਵੱਧ ਦੀਆਂ ਛੋਟਾਂ ਮਿਲੀਆਂ।
- ਕੈਨੇਡਾ ਐਮਰਜੈਂਸੀ ਕਮਰਸ਼ੀਅਲ ਰੈਂਟ ਅਸਿਸਟੈਂਸ ਪ੍ਰੋਗਰਾਮ, ਜਿਸ ਵਿੱਚ ਫ਼ੈਡਰਲ ਸਰਕਾਰ ਨਾਲ ਖ਼ਰਚਾ ਸਾਂਝਾ ਹੈ, ਜਿਸ ਨਾਲ ਬੇਦਖ਼ਲੀ ‘ਤੇ ਪਾਬੰਦੀਆਂ ਅਤੇ ਪਿਛਲੇ ਸਾਲ ਕਾਰੋਬਾਰਾਂ ਦੇ ਬੰਦ ਹੋਣ ਦਾ ਸਿਲਸਿਲਾ ਸਿਖ਼ਰ ‘ਤੇ ਪਹੁੰਚਣ ਦੇ ਦੌਰਾਨ ਕਿਰਾਏ ਵਿੱਚ 75% ਤੱਕ ਦੀ ਛੋਟ ਨਾਲ ਕਾਰੋਬਾਰਾਂ ਨੂੰ ਸਤੰਬਰ 2020 ਦੇ ਅੰਤ ਤੱਕ ਸਹਾਇਤਾ ਮਿਲੀ।

## ਬੀ ਸੀ ਦੇ ਸਭ ਤੋਂ ਵੱਧ ਪ੍ਰਭਾਵਤ ਖੇਤਰਾਂ ਨੂੰ ਸਹਾਰਾ

ਇਸ ਮਹਾਮਾਰੀ ਨਾਲ ਸਾਰੇ ਖੇਤਰ ਇੱਕੋ ਜਿਹੇ ਢੰਗ ਨਾਲ ਪ੍ਰਭਾਵਤ ਨਹੀਂ ਹੋਏ। ਜਿਵੇਂ ਜਿਵੇਂ ਵੱਖ-ਵੱਖ ਖੇਤਰਾਂ ਨੂੰ ਦਰਪੇਸ਼ ਚੁਣੌਤੀਆਂ ਵਧੇਰੇ ਸਪਸ਼ਟ ਹੋਈਆਂ ਹਨ, ਸਰਕਾਰ ਨੇ ਸਹਾਇਤਾ ਸਾਧਨਾਂ ਨੂੰ ਇਨ੍ਹਾਂ ਦੀਆਂ ਜ਼ਰੂਰਤਾਂ ਲਈ ਸਹੀ ਬੈਠਣ ਦੇ ਅਨੁਰੂਪ ਬਣਾਇਆ ਹੈ।

ਸੈਰ-ਸਪਾਟਾ

ਸੈਰ-ਸਪਾਟਾ ਸੰਚਾਲਕਾਂ ਲਈ, ਕੋਵਿਡ-19 ਦੇ ਕਾਰਣ ਸਰਹੱਦਾਂ ਬੰਦ ਹੋ ਗਈਆਂ ਅਤੇ ਸਫ਼ਰ ਕਰਨ ‘ਤੇ ਰੋਕ ਲੱਗ ਗਈ ਜਿਸ ‘ਤੇ ਇਹ ਕਾਰੋਬਾਰ ਨਿਰਭਰ ਕਰਦੇ ਹਨ। ਸਰਕਾਰ ਨੇ ਪਿਛਲੇ ਸਾਲ ਦੌਰਾਨ ਇਸ ਖੇਤਰ ਨਾਲ ਨਜ਼ਦੀਕ ਤੋਂ ਕੰਮ ਕੀਤਾ ਹੈ ਤਾਂ ਕਿ ਇਸ ਚੁਣੌਤੀਪੂਰਣ ਸਮੇਂ ਦੇ ਦੌਰਾਨ ਇਨ੍ਹਾਂ ਦੀ ਮਦਦ ਕੀਤੀ ਜਾ ਸਕੇ, ਜਿਸ ਵਿੱਚ ਸ਼ਾਮਲ ਹੈ:

- $68 ਮਿਲੀਅਨ, 2020 ਦੀ ਪੱਤਝੜ ਵਿੱਚ ਸਟਰੌਂਗਰ ਬੀ ਸੀ ਯੋਜਨਾ ਵਿੱਚ ਸੈਰ-ਸਪਾਟਾ ਰਾਹਤ ਅਤੇ ਆਰਥਕ ਮੁੜ-ਬਹਾਲੀ ਦੇ ਉਪਾਵਾਂ ਲਈ, ਜਿਸ ਵਿੱਚ ਉਨ੍ਹਾਂ ਦੇ ਸੈਰ-ਸਪਾਟਾ ਬੁਨਿਆਦੀ ਢਾਂਚੇ ਦੇ ਨਿਰਮਾਣ, ਸਥਿਤੀ ਅਨੁਕੂਲ ਬਣਾਉਣ ਅਤੇ ਵਿਵਿਧਤਾ ਲਿਆਉਣ ਲਈ ਨਗਰਪਾਲਿਕਾਵਾਂ ਦੀ ਮਦਦ ਕਰਨ ਲਈ ਨਿਵੇਸ਼ ਸ਼ਾਮਲ ਹਨ ਅਤੇ ਬੀ ਸੀ ਨੂੰ ਘਰੇਲੂ ਪੱਧਰ ‘ਤੇ ਬਾਜ਼ਾਰ ਵਿੱਚ ਪੇਸ਼ ਕਰਨ ਲਈ ਅਤੇ ਜਦੋਂ ਸੈਲਾਨੀਆਂ ਦਾ ਫ਼ੇਰ ਤੋਂ ਸੁਆਗਤ ਕਰਨਾ ਸੁਰੱਖਿਅਤ ਹੋ ਜਾਵੇਗਾ, ਤਾਂ ਅੰਤਰਰਾਸ਼ਟਰੀ ਸੈਰ-ਸਪਾਟਾ ਬਾਜ਼ਾਰ ਵਿੱਚ ਇਸ ਦਾ ਸਥਾਨ ਨਿਸ਼ਚਿਤ ਕਰਨ ਲਈ ਡੈਸਟੀਨੇਸ਼ਨ ਬੀ ਸੀ ਰਾਹੀਂ ਮਾਲੀ ਮਦਦ।
- $5 ਮਿਲੀਅਨ, ਤਾਂ ਕਿ ਸਥਾਨਕ ਮੂਲਵਾਸੀ ਸੈਰ-ਸਪਾਟਾ ਕਾਰੋਬਾਰਾਂ ਨੂੰ ਰਾਹਤ ਅਤੇ ਆਰਥਕ ਸਿਹਤਮੰਦੀ ਪ੍ਰਦਾਨ ਕਰਨ ਲਈ $45,000 ਤੱਕ ਦੀਆਂ ਗ੍ਰਾਂਟਾਂ ਨਾਲ ਮਦਦ ਦਿੱਤੀ ਜਾ ਸਕੇ ਜਦ ਕਿ ਕਾਰੋਬਾਰ ਕੋਵਿਡ-19 ਦੇ ਚੱਲ ਰਹੇ ਆਰਥਕ ਪ੍ਰਭਾਵਾਂ ਵਿੱਚ ਰਸਤਾ ਤਲਾਸ਼ ਕਰ ਰਹੇ ਹਨ।
- $100 ਮਿਲੀਅਨ, ਜੋ 2020 ਦੀ ਪੱਤਝੜ ਵਿੱਚ ਐਲਾਨ ਕੀਤੀ ਗਈ ਛੋਟੇ ਅਤੇ ਦਰਮਿਆਨੇ ਆਕਾਰ ਦੇ ਕਾਰੋਬਾਰਾਂ ਲਈ ਗ੍ਰਾਂਟ ਵੱਜੋਂ ਮਾਲੀ ਮਦਦ ਦਾ ਹਿੱਸਾ ਹੈ, ਸੈਰ-ਸਪਾਟਾ ਸੰਚਾਲਕਾਂ ਲਈ ਨਿਯੋਜਿਤ ਹੈ।

ਹੁਣ ਜਦੋਂ ਬੀ ਸੀ ਇਸ ਮਹਾਮਾਰੀ ਤੋਂ ਆਰਥਕ ਮੁੜ-ਬਹਾਲੀ ਵੱਲ ਕਦਮ ਵਧਾ ਰਿਹਾ ਹੈ, ਤਾਂ ਸਰਕਾਰ ਕਾਰੋਬਾਰੀ ਅਤੇ ਸੈਰ-ਸਪਾਟਾ ਸਾਂਝੇਦਾਰਾਂ ਦੇ ਨਾਲ ਨਾਲ ਸਿਹਤ ਅਧਿਕਾਰੀਆਂ ਨਾਲ ਵੀ ਸਹਿਯੋਗ ਕਰਦੀ ਰਹੇਗੀ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਬੀ ਸੀ ਦਾ ਸੈਰ-ਸਪਾਟਾ ਖੇਤਰ ਜਦੋਂ ਵੀ ਅਜਿਹਾ ਕਰਨਾ ਸੁਰੱਖਿਅਤ ਹੋਵੇ, ਵਾਪਸ ਪਰਤਣ ਅਤੇ ਸੰਸਾਰ ਦਾ ਫ਼ੇਰ ਤੋਂ ਸੁਆਗਤ ਕਰਨ ਲਈ ਤਿਆਰ ਰਹੇ। ਬੀ ਸੀ ਦੇ ਸੈਰ-ਸਪਾਟਾ ਖੇਤਰ ਦੀ ਇੱਕ ਮਜ਼ਬੂਤ ਭਵਿੱਖ ਲਈ ਤਿਆਰੀ ਕਰਨ ਵਿੱਚ ਮਦਦ ਲਈ, ਸਰਕਾਰ ਇਹ ਨਿਵੇਸ਼ ਕਰੇਗੀ:

- $100 ਮਿਲੀਅਨ, ਬਜਟ 2021 ਰਾਹੀਂ, ਤਾਂ ਕਿ 2021-22 ਵਿੱਚ ਆਰੰਭ ਹੋ ਰਹੀ ਸੈਰ-ਸਪਾਟਾ ਮੁੜ-ਬਹਾਲੀ ਨੂੰ ਸਹਾਰਾ ਦਿੱਤਾ ਜਾ ਸਕੇ, ਜਿਸ ਵਿੱਚ ਪ੍ਰਮੁੱਖ ਆਕਰਸ਼ਕ ਸਥਾਨਾਂ ਲਈ ਸਹਾਇਤਾ ਸ਼ਾਮਲ ਹੈ ਜੋ ਬ੍ਰਿਟਿਸ਼ ਕੋਲੰਬੀਆ ਨੂੰ ਇੱਕ ਵਿਲੱਖਣ ਠਿਕਾਣਾ ਬਣਾਉਣ ਵਿੱਚ ਮਦਦ ਕਰਦੇ ਹਨ।
- ਬਜਟ 2021 ਵਿੱਚ ਕਮਿਉਨਿਟੀ ਡੈਸਟੀਨੇਸ਼ਨ ਡਿਵੈਲਪਮੈਂਟ ਗ੍ਰਾਂਟਾਂ ਲਈ ਅਧਿਕਤਰ $20 ਮਿਲੀਅਨ ਜੋ ਭਾਈਚਾਰਿਆਂ ਦੀ ਟਰੇਲਾਂ ਅਤੇ ਹਵਾਈ ਅੱਡਿਆਂ ਵਿੱਚ ਸੁਧਾਰ ਕਰਨ ਵਰਗੇ ਨਵੇਂ ਸੈਰ-ਸਪਾਟਾ ਬੁਨਿਆਦੀ ਢਾਂਚੇ ਰਾਹੀਂ ਭਵਿੱਖ ਦੇ ਸੈਲਾਨੀਆਂ ਲਈ ਤਿਆਰੀ ਕਰਨ ਵਿੱਚ ਮਦਦ ਕਰਨਗੀਆਂ।

ਕਲਾ ਅਤੇ ਸੱਭਿਆਚਾਰ

ਕਲਾ ਸੰਸਥਾਵਾਂ ਅਤੇ ਮਨੋਰੰਜਨ ਅਤੇ ਸਮਾਗਮ ਉਦਯੋਗਾਂ ਲਈ, ਇਸ ਮਹਾਮਾਰੀ ਦਾ ਅਕਸਰ ਅਰਥ ਹੁੰਦਾ ਸੀ ਥੀਏਟਰਾਂ, ਆਰਟ ਗੈਲਰੀਆਂ ਅਤੇ ਸੰਗੀਤ ਸਮਾਗਮਾਂ ਵਿੱਚ ਬੱਤੀਆਂ ਦਾ ਬੰਦ ਹੋਣਾ, ਸ਼ੋਅ ਰੱਦ ਹੋਣਾ ਅਤੇ ਦਰਸ਼ਕਾਂ ਨਾਲ ਜੁੜੇ ਰਹਿਣ ਲਈ ਨਵੇਂ ਨਵੀਨਤਾਕਾਰੀ ਤਰੀਕਿਆਂ ਦੀ ਜ਼ਰੂਰਤ ਪੈਣਾ। ਬੀ ਸੀ ਦੇ ਕਲਾ ਅਤੇ ਮਨੋਰੰਜਨ ਭਾਈਚਾਰਿਆਂ ਦੇ ਆਗੂਆਂ ਨਾਲ ਸਰਕਾਰ ਨੇ ਨਜ਼ਦੀਕ ਤੋਂ ਸਹਿਯੋਗ ਕੀਤਾ ਹੈ ਤਾਂ ਕਿ ਨਿਯੋਜਿਤ ਮੁੜ-ਬਹਾਲੀ ਲਈ ਮਾਲੀ ਮਦਦ ਪੈਦਾ ਕੀਤੀ ਜਾ ਸਕੇ ਅਤੇ 2020 ਦੀ ਪੱਤਝੜ ਵਿੱਚ ਸਟਰੌਂਗਰ ਬੀ ਸੀ ਆਰਥਕ ਮੁੜ-ਬਹਾਲੀ ਯੋਜਨਾ ਦੇ ਹਿੱਸੇ ਵੱਜੋਂ ਪਹਿਲਾਂ ਹੀ $35 ਮਿਲੀਅਨ ਤੋਂ ਵੱਧ ਦਾ ਨਿਵੇਸ਼ ਕੀਤਾ ਗਿਆ ਹੈ।

ਸਟਰੌਂਗਰ ਬੀ ਸੀ ਰਾਹੀਂ, ਸਰਕਾਰ ਨੇ ਆਗਾਮੀ ਤਿੰਨ ਸਾਲਾਂ ਦੇ ਦੌਰਾਨ ਬੀ ਸੀ ਦੇ ਸੰਗੀਤ ਉਦਯੋਗ ਨੂੰ ਸਹਾਰਾ ਦੇਣ ਲਈ ਐਂਪਲੀਫ਼ਾਈ ਬੀ ਸੀ ਰਾਹੀਂ $22.5 ਮਿਲੀਅਨ ਦੀ ਮਾਲੀ ਮਦਦ ਪ੍ਰਦਾਨ ਕੀਤੀ ਹੈ। ਬਜਟ 2021 ਵਿੱਚ ਆਰਟਸ ਇਨਫ਼ਰਾਸਟਰਕਚਰ ਪ੍ਰੋਗਰਾਮ ਲਈ ਵੀ ਬਜਟ ਦੁੱਗਣਾ ਕਰ ਦਿੱਤਾ ਗਿਆ ਹੈ। ਇਸ ਨਾਲ ਤਿੰਨ ਸਾਲਾਂ ਦੇ ਦੌਰਾਨ $6 ਮਿਲੀਅਨ ਪ੍ਰਦਾਨ ਕੀਤੇ ਜਾਣਗੇ ਤਾਂ ਕਿ ਉਨ੍ਹਾਂ ਗ੍ਰਾਂਟਾਂ ਰਾਹੀਂ ਜੋ ਨਵੀਆਂ ਥਾਂਵਾਂ ਦੇ ਨਿਰਮਾਣ, ਮੌਜੂਦਾ ਥਾਂਵਾਂ ਨੂੰ ਵਧਾਉਣ ਜਾਂ ਨਵੇਂ ਉਪਕਰਣ ਖ਼ਰੀਦਣ ਵਰਗੇ ਪੂੰਜੀਗਤ ਸੁਧਾਰਾਂ ਵਿੱਚ ਮਦਦ ਕਰਦੀਆਂ ਹਨ, ਕਲਾ ਅਤੇ ਸੱਭਿਆਚਾਰ ਸੰਸਥਾਵਾਂ ਦੀ ਸਿਹਤਯਾਬੀ ਵਿੱਚ ਮਦਦ ਕੀਤੀ ਜਾ ਸਕੇ।

ਰੈਸਤੋਰਾਂ ਅਤੇ ਪ੍ਰਾਹੁਣਚਾਰੀ

ਰੈਸਤੋਰਾਂ ਅਤੇ ਪ੍ਰਾਹੁਣਚਾਰੀ ਉਦਯੋਗ ਨੂੰ ਬਾਰ ਬਾਰ ਇਸ ਮਹਾਮਾਰੀ ਦੇ ਬਦਲਦੇ ਭੂ-ਦ੍ਰਿਸ਼ ਅਤੇ ਸੂਬਾਈ ਸਿਹਤ ਅਧਿਕਾਰੀ ਦੇ ਨਿਰਦੇਸ਼ਾਂ ਅਨੁਸਾਰ ਢਲਣਾ ਪਿਆ ਹੈ। ਬ੍ਰਿਟਿਸ਼ ਕੋਲੰਬੀਆ ਨਿਵਾਸੀਆਂ ਨੇ ਵੇਖਿਆ ਹੈ ਕਿ ਕਾਰੋਬਾਰਾਂ ਨੇ ਇਸ ਮੁਸ਼ਕਲ ਸਮੇਂ ਦੇ ਦੌਰਾਨ ਕਾਰੋਬਾਰਾਂ ਨੂੰ ਚਾਲੂ ਰੱਖਣ ਵਿੱਚ ਸਹਾਇਤਾ ਕਰਨ ਲਈ ਰਲ ਮਿਲ ਕੇ ਕੰਮ ਕੀਤਾ ਹੈ ਅਤੇ ਨਵੀਨਤਾਕਾਰੀ ਸਮਾਧਾਨ ਉਤਪੰਨ ਕੀਤੇ ਹਨ। ਸਰਕਾਰ ਇਸ ਤਰ੍ਹਾਂ ਨਾਲ ਰੈਸਤੋਰਾਂ ਅਤੇ ਪ੍ਰਾਹੁਣਚਾਰੀ ਉਦਯੋਗ ਨੂੰ ਸਹਾਰਾ ਦੇ ਰਹੀ ਹੈ:

- ਸਰਕਟ ਬ੍ਰੇਕਰ ਬਿਜ਼ਨੈੱਸ ਰਿਕਵਰੀ ਗ੍ਰਾਂਟਾਂ ਰਾਹੀਂ $50 ਮਿਲੀਅਨ ਤੋਂ ਵੱਧ ਨਾਲ ਸਭ ਤੋਂ ਹਾਲੀਆ ਸਿਹਤ ਪਾਬੰਦੀਆਂ ਦੇ ਦੌਰਾਨ 14,000 ਰੈਸਤੋਰਾਂ, ਬਾਰਾਂ, ਬਰੂਵਰੀਆਂ, ਵਾਈਨਰੀਆਂ, ਜਿਮ ਅਤੇ ਫ਼ਿਟਨੈੱਸ ਸੈਂਟਰਾਂ ਨੂੰ ਸਹਾਰਾ ਦੇਣਾ।
- ਰੈਸਤੋਰਾਂ, ਬਾਰਾਂ ਅਤੇ ਸੈਰ-ਸਪਾਟਾ ਸੰਚਾਲਕਾਂ ਦੀ ਲਿਕਰ ਲਾਈਸੈਂਸਾਂ ਨਾਲ ਬੀਅਰ, ਵਾਈਨ ਅਤੇ ਸ਼ਰਾਬ ਸਥਾਈ ਤੌਰ 'ਤੇ ਥੋਕ ਲਿਕਰ ਕੀਮਤ 'ਤੇ ਖ਼ਰੀਦਣ ਵਿੱਚ ਮਦਦ ਕਰਨਾ ਤਾਂ ਕਿ ਉਨ੍ਹਾਂ ਨੂੰ ਕੁਝ ਵਾਧੂ ਮਾਲੀ ਰਾਹਤ ਹਾਸਲ ਹੋ ਸਕੇ।
- ਭੋਜਨ ਡਿਲਿਵਰ ਕਰਨ ਵਾਲੀਆਂ ਕੰਪਨੀਆਂ ਦੁਆਰਾ ਰੈਸਤੋਰਾਂ ਤੋਂ ਵਸੂਲੀ ਜਾਂਦੀ ਫ਼ੀਸ ਦੀ ਹੱਦ ਅਸਥਾਈ ਤੌਰ 'ਤੇ ਵੱਧ ਤੋਂ ਵੱਧ 15% ਤੱਕ ਰੱਖਣ ਦਾ ਨਿਰਦੇਸ਼ ਜਾਰੀ ਕਰਨਾ ਤਾਂ ਕਿ ਜ਼ਿਆਦਾਤਰ ਲੋਕਾਂ ਦੇ ਖਾਣਾ ਘਰਾਂ ਵਿੱਚ ਹੀ ਖਾ ਰਹੇ ਹੋਣ ਕਰਕੇ ਰੈਸਤੋਰਾਂ ਔਨਲਾਈਨ ਸੰਚਾਲਤ ਹੁੰਦੇ ਰਹਿ ਸਕਣ।
- ਮਹਾਮਾਰੀ ਦੇ ਦੌਰਾਨ ਨੌਕਰੀ ਤੋਂ ਫ਼ਾਰਗ ਕੀਤੇ ਗਏ ਸੈਂਕੜੇ ਹੀ ਸੈਰ-ਸਪਾਟਾ ਅਤੇ ਪ੍ਰਾਹੁਣਚਾਰੀ ਖੇਤਰ ਦੇ ਕਰਮਚਾਰੀਆਂ ਨੂੰ ਪੂਰੇ ਬੀ ਸੀ ਵਿੱਚ ਟੀਕਾਕਰਣ ਕਲੀਨਿਕਾਂ 'ਤੇ ਗ਼ੈਰ-ਕਲੀਨਿਕਲ ਸਟਾਫ਼ ਦੇ ਤੌਰ 'ਤੇ ਬੀ ਸੀ ਦੀ ਟੀਕਾਕਰਣ ਯੋਜਨਾ ਵਿੱਚ ਮਦਦ ਕਰਨ ਲਈ ਭਰਤੀ ਕਰਨਾ।

ਗੂਰਮੇ ਹੌਲੀਡੇਅ ਡਿਨਰ ਡਿਲਿਵਰ ਕਰਨ ਵਾਲੇ ਰੈਸਤੋਰਾਂ ਤੋਂ ਲੈ ਕੇ ਸਥਾਨਕ ਕਲਾ ਸੰਸਥਾਵਾਂ ਦੁਆਰਾ ਔਨਲਾਈਨ ਸਟਰੀਮਿੰਗ ਤੱਕ, ਬੀ ਸੀ ਦੇ ਕਾਰੋਬਾਰਾਂ ਨੇ ਪੁਨਰ-ਵਿਚਾਰ ਅਤੇ ਪੁਨਰ-ਜੁਗਤ ਲਈ ਰਚਨਾਤਮਕਤਾ ਅਤੇ ਨਵੀਨਤਾਕਾਰੀ ਦੀ ਵਰਤੋਂ ਕੀਤੀ ਹੈ। ਜਿਨ੍ਹਾਂ ਕਾਰੋਬਾਰਾਂ ਨੂੰ ਹੁਣ ਜ਼ਰੂਰਤ ਹੈ, ਉਨ੍ਹਾਂ ਨੂੰ ਸਹਾਰਾ ਦੇਣ ਲਈ ਅਤੇ ਬੀ ਸੀ ਦੇ ਸਾਰੇ ਕਾਰੋਬਾਰਾਂ ਨੂੰ ਸਥਿਤੀ ਅਨੁਰੂਪ ਢਲ ਕੇ ਭਵਿੱਖ ਵੱਲ ਕਦਮ ਵਧਾਉਣ ਵਿੱਚ ਸਹਾਇਤਾ ਦੇਣ ਲਈ ਸਰਕਾਰ ਮੌਜੂਦ ਹੈ।

**ਸੰਪਰਕ:**
ਵਿੱਤ ਮੰਤਰਾਲਾ
ਮੀਡੀਆ ਸੰਪਰਕ
250 387-5710

---